# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਸੰਗਰੂਰ।

ਵੱਲ

ਸਮੂਹ ਸਕੂਲ ਮੁਖੀ
ਸਸਸਸ/ਸਹਸ/ਸਮਿਸ
ਸੰਗਰੂਰ।

ਮੀਮੋ ਨੰ: ਆਈ.ਸੀ.ਟੀ./ Digital India Week/2015/909,
ਮਿਤੀ: 02.07.2015

ਵਿਸ਼ਾ:- ਮਿਤੀ 1 ਜੁਲਾਈ ਤੋਂ 07 ਜੁਲਾਈ 2015 ਤੱਕ **DIGITAL INDIA WEEK** ਮਨਾਉਣ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਨੂੰ ਪਹਿਲਾ ਹੀ ਇਸ ਦਫ਼ਤਰ ਦੇ ਪੱਤਰ ਨੰ: ਆਈ.ਸੀ.ਟੀ/2015/901 ਮਿਤੀ: 30.06.2015 ਰਾਹੀਂ ਸਕੂਲਾਂ ਵਿੱਚ ਮਿਤੀ 1 ਜੁਲਾਈ ਤੋਂ 07 ਜੁਲਾਈ 2015 ਤੱਕ DIGITAL INDIA WEEK ਮਨਾਉਣ ਲਈ ਪੱਤਰ ਜਾਰੀ ਕੀਤੀ ਗਿਆ ਸੀ। ਇਸ ਦੇ ਸਬੰਧ ਵਿੱਚ ਮੁੱਖ ਦਫ਼ਤਰ ਤੋਂ ਪ੍ਰਾਪਤ ਹਦਾਇਤਾਂ ਅਨੁਸਾਰ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਦੁਆਰਾ ਚਲਾਏ ਜਾ ਰਹੇ ਇਸ ਮੁਕਾਬਲਿਆਂ ਅਤੇ ਹੋਰ ਗਤੀਵਿਧੀਆਂ ਵਿੱਚ ਸਕੂਲ ਦੇ ਸਮੂਹ ਵਿਦਿਆਰਥੀਆਂ ਦਾ ਭਾਗ ਲੈਣਾ ਜ਼ਰੂਰੀ ਹੈ। ਇਸ ਲਈ ਨੇੜੇ ਦੇ ਮਿਡਲ ਸਕੂਲਾਂ ਵਿੱਚ ਵੀ ਕੰਪਿਊਟਰ ਅਧਿਆਪਕ ਨੂੰ ਉਪਰੋਕਤ ਹਫ਼ਤਾ ਭੇਜਿਆ ਜਾਵੇ ਅਤੇ ਕੰਪਿਊਟਰ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਦੀ ਇਹਨਾਂ ਮੁਕਾਬਲੇ ਅਤੇ ਹੋਰ ਗਤੀਵਿਧੀਆਂ ਵਿੱਚ ਭਾਗ ਲੈਣ ਵਿੱਚ ਸਹਾਇਤਾ ਕੀਤੀ ਜਾਵੇ।

ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਸਹਾਇਤਾ ਲਈ ਐਨ.ਆਈ.ਸੀ. ਸੰਗਰੂਰ ਵੱਲੋਂ ਮੁਕਾਬਲਾ ਨੰਬਰ-1 ਆਨਲਾਈਨ ਕੁਈਜ਼ ਮੁਕਾਬਲਾ ਜਮਾਤ 6ਵੀਂ ਤੋਂ 12ਵੀਂ, ਮੁਕਾਬਲਾ ਨੰਬਰ-2 ਲੇਖ ਮੁਕਾਬਲਾ, ਮੁਕਾਬਲਾ ਨੰਬਰ-3 ਪੇਂਟਿੰਗ ਮੁਕਾਬਲਾ ਦੇ ਲਿੰਕ ਜਾਰੀ ਕੀਤੀ ਗਈ ਹਨ।

ਜੇਕਰ ਸਕੂਲ ਵਿੱਚ ਕੰਪਿਊਟਰ ਖਰਾਬ ਹਨ ਤਾਂ ਇਸ ਦੀ ਕੰਪਲੈਂਟ ਇਸ ਦਫ਼ਤਰ ਨੂੰ ਅਤੇ ਸਬੰਧ ਕੰਪਨੀ ਨੂੰ ਤੁਰੰਤ ਦਰਜ ਕਰਵਾਈ ਜਾਵੇ ਇਸ ਲਈ ਹਾਰਡਵੇਅਰ ਸ਼ਿਕਾਇਤਾਂ ਠੀਕ ਕਰਵਾਉਣ ਲਈ ਐਚ.ਸੀ.ਐਲ. ਅਤੇ ਵਿਪਰੋ ਕੰਪਨੀ ਦੇ ਕਰਮਚਾਰੀਆਂ ਨੂੰ ਪੂਰਨ ਸਹਿਯੋਗ ਕੀਤਾ ਜਾਵੇ। ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਸੂਚਨਾ ਨਾਲ ਨੱਥੀ ਪ੍ਰੋਫਾਰਮੇ ਸਿਰਫ਼ ਅੰਗਰੇਜ਼ੀ ਭਾਸ਼ਾ ਵਿੱਚ ਭਰਕੇ ਵੈਬ ਸਾਈਟ ਰਾਹੀਂ(ਐਕਸਲ ਸ਼ੀਟ) ਭੇਜੀ ਜਾਵੇ।

ਨੱਥੀ:- ਐਕਸਲ ਪ੍ਰੋਫਰਮਾ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸੰਗਰੂਰ।

ਉਤਾਰਾ: ਪਿੰਠ ਅੰਕਣ ਨੰਬਰ ਅਤੇ ਮਿਤੀ ਉਕਤ
ਉਪਰੋਕਤ ਦਾ ਉਤਾਰਾ M/s HCL & Wipro ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਹਫ਼ਤੇ ਦੋਰਾਨਾ ਪ੍ਰਾਪਤ ਹਾਰਡਵੇਅਰ ਦਿਆਂ ਸ਼ਿਕਾਇਤਾਂ ਨੂੰ ਪਹਿਲ ਦੇ ਅਧਾਰ ਤੇ ਸਵੇਰ 07.00 ਵਜੇ ਤੋਂ ਸ਼ਾਮ 07.00 ਵਜੇ ਤੱਕ ਠੀਕ ਕੀਤਾ ਜਾਵੇ। ਜੇਕਰ ਸਕੂਲ ਪੱਧਰ ਤੇ ਕੋਈ ਔਂਕੜ ਪੇਸ਼ ਆਉਦੀ ਹੈ ਤਾਂ ਇਸ ਦਫ਼ਤਰ ਨਾਲ ਸੰਪਰਕ ਕੀਤਾ ਜਾਵੇ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸੰਗਰੂਰ।